# माँ सबदी झोलियां भरदी है

ਸ਼ੇਰਾਂਵਾਲੀ ਮਾਂ,
ਸਭ ਦੀਆਂ ਝੋਲੀਆਂ ਭਰਦੀ ਏ ।
ਜੋਤਾਂ ਵਾਲੀ ਮਾਂ,
ਸਭ ਦੀਆਂ ਝੋਲੀਆਂ ਭਰਦੀ ਏ ।
*ਝੋਲੀਆਂ ਭਰਦੀ ਏ,
ਓਹ ਆਸਾਂ ਪੂਰੀਆਂ ਕਰਦੀ ਏ ।
ਸ਼ੇਰਾਂਵਾਲੀ ਮਾਂ,,,,,,,,,,,,,,

ਇੱਕ ਵਾਰੀ ਜੋ, ਏਥੇ ਆਉਂਦਾ,
"ਏਥੇ ਦਾ ਹੋ ਜਾਂਦਾ" ।
ਮਾਂ ਦਾ ਪਿਆਰ, ਪਾ ਕੇ ਭਗਤੋ,
"ਕਦੇ ਵੀ ਭੁੱਲ ਨਹੀਂ ਪਾਂਦਾ" ॥
ਲੱਖਾਂ ਦੀ, ਬੇੜੀ ਏਥੇ* ॥
ਨਿੱਤ ਹੀ ਤਰਦੀ ਏ,,,
ਸ਼ੇਰਾਂਵਾਲੀ ਮਾਂ,,,,,,,,,,,,,,

ਜੋਤਾਂ ਵਾਲੀ, ਮਾਂ ਦੇ ਭਗਤੋ,
"ਭਰੇ ਹੋਏ ਭੰਡਾਰ ਨੇ" ।
ਕੋਲ ਬਿਠਾ ਕੇ, ਮਾਂਵਾਂ ਵਾਲਾ ,
"ਦੇਂਦੀ ਸਭ ਨੂੰ ਪਿਆਰ ਏ" ॥
ਰਹਿਮਤਾਂ ਵਾਲੀ, ਗੰਗਾ ਏਹਦੇ* ॥
ਚਰਣੀ ਵੱਗਦੀ ਏ,,,
ਸ਼ੇਰਾਂਵਾਲੀ ਮਾਂ,,,,,,,,,,,,,,

ਜਿਹਨਾਂ ਜਿਹਨਾਂ ਨੇ, ਆ ਕੇ ਬੰਨ੍ਹੀ,
"ਮੰਨਤਾਂ ਵਾਲੀ ਮੌਲੀ" ।
ਬੱਚਿਆਂ ਦੇ ਕੰਮ, ਪੂਰੇ ਕਰਦੀ,
"ਐਸੀ ਹੈ ਮਾਂ ਭੋਲ਼ੀ" ॥
ਦਰ ਤੇ ਆਇਆ, ਨੂੰ ਕਦੇ ਵੀ* ॥
ਖ਼ਾਲੀ ਨਹੀਂ ਛੱਡਦੀ ਏ,,,
ਸ਼ੇਰਾਂਵਾਲੀ ਮਾਂ,,,,,,,,,,,,,,

ਦਿਲੋਂ ਆ ਕੇ, ਜਿਹਨਾਂ ਨੇ ਮਾਂ ਨੂੰ,
"ਦਿਲ ਦਾ ਹਾਲ ਸੁਣਾਇਆ" ।
ਬਾਂਹ ਪਕੜ ਕੇ, ਉਸਦਾ ਬੇੜਾ,
"ਮਾਂ ਨੇ ਪਾਰ ਲਗਾਇਆ" ॥
ਨੀਲੇ ਤੇ, ਭਗਤਾਂ ਦੇ ਦੁੱਖੜੇ* ॥
ਪਲ ਵਿੱਚ ਹਰਦੀ ਏ,,,
ਸ਼ੇਰਾਂਵਾਲੀ ਮਾਂ,,,,,,,,,,,,,,

ਅਪਲੋਡਰ - ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27570/title/maa-sabdi-jholiya-bhardi-hai

अपने Android मोबाइल पर BhajanGanga App डाउनलोड करें और भजनों का आनंद ले |